## ਮਾਡਲ ਟੈਸਟ ਪੇਪਰ
## ਸ਼੍ਰੇਣੀ - ਬਾਰ੍ਹਵੀਂ
## ਵਿਸ਼ਾ - ਸੰਗੀਤ (ਗੁਰਮਤਿ ਸੰਗੀਤ)
## ਸੈਸ਼ਨ - 2023-2024

ਕੁਲ ਅੰਕ – 45

ਸਮਾਂ - 3 ਘੰਟੇ

### ਭਾਗ – ੳ

1 ਤੋਂ 10 ਤੱਕ ਵਸਤੂਨਿਸ਼ਠ ਪ੍ਰਸ਼ਨ, 11 ਤੋਂ 15 ਖਾਲੀ ਥਾਵਾਂ, 16 ਤੋਂ 19 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 1 ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਆਸਾ ਦੀ ਵਾਰ ਕਿਸ ਗੁਰੂ ਸਾਹਿਬਾਂ ਦੀ ਰਚਨਾ ਹੈ?
2. ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਕਿੰਨੀਆਂ ਰਾਗਾਂ ਵਿੱਚ ਬਾਣੀ ਹੈ?
3. ਭਾਈ ਮਰਦਾਨਾ ਜੀ ਦੇ ਪੁੱਤਰ ਦਾ ਕੀ ਨਾਮ ਸੀ?
4. ਸ਼੍ਰੀ ਗੁਰੂ ਗਰੰਥ ਸਾਹਿਬ ਵਿੱਚ ਕਿੰਨੀਆਂ ਭਗਤਾਂ ਅਤੇ ਭੱਟਾਂ ਦੀ ਬਾਣੀ ਦਰਜ ਹੈ?
5. ਪ੍ਰੋ. ਤਾਰਾ ਸਿੰਘ ਦਾ ਜਨਮ ਕਦੋਂ ਹੋਇਆ?
6. 'ਸੋਦਰ' ਦੀ ਬਾਣੀ ਕਿਸ ਸਮੇਂ ਗਾਈ ਜਾਂਦੀ ਹੈ?
7. ਰਾਗ ਤੋੜੀ ਦੀ ਜਾਤੀ ਕੀ ਹੈ?
8. ਰਾਗ ਸਾਰੰਗ ਵਿੱਚ ਕਿਹੜੇ ਸੁਰ ਲੱਗਦੇ ਹਨ?
9. ਝੱਪਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ? (10X1=10)
10. ਇੱਕਤਾਲ ਵਿੱਚ ਕਿਹੜੀ ਮਾਤਰਾ ਖਾਲੀ ਹੁੰਦੀ ਹੈ?

(ਖ) ਖਾਲੀ ਥਾਵਾਂ

11. ਆਦਿ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰਚਨਾ ______ ਨੇ ਕੀਤੀ।
12. ਪਕੜ ਨਾਲ ______ ਦੀ ਪਛਾਣ ਹੁੰਦੀ ਹੈ।
13. ਰਹਾਉ ਦਾ ਅਰਥ ________ ਹੈ।
14. ਰਾਗ ਧਨਾਸ਼ਰੀ ਦੇ ਗਾਉਣ ਦਾ ਸਮਾਂ ______ ਹੈ।
15. ਰੂਪਕ ਤਾਲ ਵਿੱਚ ________ ਮਾਤਰਾਵਾਂ ਹੁੰਦੀਆਂ ਹਨ। (5x1=5)

(ਗ) ਸਹੀ/ਗ਼ਲਤ

16. ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਮਤਿ ਸੰਗੀਤ ਵਿੱਚ ਕੋਈ ਦੇਣ ਨਹੀਂ।
17. ਭਾਈ ਮਰਦਾਨਾ ਰਬਾਬ ਵਜਾਉਂਦੇ ਸਨ।
18. ਰਾਗ ਆਸਾਵਰੀ ਵਿੱਚ ਰੇ ਅਤੇ ਧ ਕੋਮਲ ਲੱਗਦੇ ਹਨ। (4x1=4)
19. ਤਿੰਨਤਾਲ ਵਿੱਚ ਤਿੰਨ ਵਿਭਾਗ ਹੁੰਦੇ ਹਨ।

### ਭਾਗ - ਅ

20 ਤੋਂ 27 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰ ਪ੍ਰਸ਼ਨ 2 ਅੰਕ ਦਾ ਹੋਵੇਗਾ।

20. ਮਹੱਲਾ ਤੋਂ ਕੀ ਭਾਵ ਹੈ?
21. ਰਹਾਉ ਦਾ ਕੀ ਮਤਲਬ ਹੁੰਦਾ ਹੈ?
22. ਮਿਸ਼ਰਤ ਰਾਗ ਕੀ ਹੁੰਦੇ ਹਨ?
23. ਪੜਤਾਲ ਦੀ ਪਰਿਭਾਸ਼ਾ ਦੀਓ।
24. ਤਿੰਨਤਾਲ ਦਾ ਠੇਕਾ ਲਿਖੋ।
25. ਰਾਗ ਸਾਰੰਗ ਦਾ ਆਰੋਹ, ਅਵਰੋਹ ਅਤੇ ਪਕੜ ਲਿਖੋ।
26. 'ਤੂੰ ਨਾ ਕਤ ਤਾ' ਇਹ ਬੋਲ ਪਛਾਣ ਕੇ, ਉਸ ਤਾਲ ਦਾ ਪਰਿਚੈ ਲਿਖੋ। (8X2=16)
27. ਗੁਰਬਾਣੀ ਵਿੱਚ ਘਰ ਦਾ ਕੀ ਮਤਲਬ ਹੁੰਦਾ ਹੈ?

### ਭਾਗ - ੲ

28 ਤੋਂ 29 ਤੱਕ 2 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ। ਇਨ੍ਹਾਂ ਪ੍ਰਸ਼ਨਾਂ ਵਿੱਚ 100% ਅੰਦਰੂਨੀ ਛੋਟ ਦਿੱਤੀ ਜਾਵੇਗੀ। ਹਰ ਪ੍ਰਸ਼ਨ 5 ਅੰਕ ਦਾ ਹੋਵੇਗਾ।

28. ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਮਤਿ ਸੰਗੀਤ ਵਿੱਚ ਕੀ ਦੇਣ ਹੈ?

ਜਾਂ

ਭਾਈ ਹੀਰਾ ਸਿੰਘ ਜੀ ਦੀ ਜੀਵਨੀ ਦੇ ਅਧਾਰ ਤੇ ਉਨ੍ਹਾਂ ਦੀ ਗੁਰਮਤਿ ਸੰਗੀਤ ਵਿੱਚ ਯੋਗਦਾਨ ਬਾਰੇ ਦੱਸੋ।

29. ਆਪਣੇ ਪਾਠਕ੍ਰਮ ਵਿੱਚੋਂ ਕਿਸੇ ਇੱਕ ਰਾਗ ਦੇ ਸ਼ਬਦ ਨੂੰ ਲਿਪੀਬੱਧ ਕਰੋ।

ਜਾਂ

ਆਪਣੇ ਪਾਠਕ੍ਰਮ ਵਿੱਚੋਂ ਕਿਸੇ ਵੀ ਇੱਕ ਤਾਲ ਦੀ ਦੁਗੁਣ ਅਤੇ ਚੌਗੁਣ ਦੀ ਲੈਅਕਾਰੀ ਲਿਖੋ। (2X5=10)